B

Sr. No. 257770

# Paper – II
# (Punjabi)

| Maximum Marks : 150 | Time : 2:30 pm to 5:00 pm |
|---|---|

Name : ______________________________

______________________
(Signature of the Candidate)

Roll No. (In Figures) ______________________

Roll No. (In Words) ______________________

## : INSTRUCTIONS :

1. All questions in the Test are **multiple choice questions.**
2. Each question carries **one mark,** with **four** alternatives out of which one answer is **correct.**
3. There will be **no negative** marking.
4. Use only **BLUE/BLACK Ball Point Pen** to darken the appropriate oval.
5. Mark your response only at the appropriate space against the number corresponding to the question while answering on the **OMR Response Sheet.**
6. Marking more than one response shall be treated as **wrong response.**
7. Mark your response by **completely darkening** the relevant oval. The Mark should be dark and the oval should be completely filled.
8. Use of calculator, Mobile is strictly prohibited and use of these shall lead to disqualification.
9. The candidate **MUST remove the last Carbon copy (Candidate's copy) of OMR after completion of Test.**

1. ਕਿਹੜਾ ਲੱਛਣ ਨਿਬੰਧ ਲਈ ਜ਼ਰੂਰੀ ਹੈ ?
(a) ਸੰਖੇਪਤਾ (b) ਵਿਸਥਾਰ (c) ਯਥਾਰਥ (d) ਉਪਰੋਕਤ ਸਾਰੇ

2. ਜਨਮਸਾਖੀ ਕੀ ਹੈ:-
(a) ਸਫ਼ਰਨਾਮਾ (b) ਇਤਿਹਾਸ (c) ਜੀਵਨੀ (d) ਕਥਾ

3. ਸਫ਼ਰਨਾਮੇ ਦੀ ਪਹਿਲੀ ਸ਼ਰਤ:-
(a) ਵਾਸਤਵਿਕਤਾ (b) ਕਲਪਨਾ (c) ਸ਼ੈਲੀ (d) ਭਾਸ਼ਾ

4. ਜਨਮ ਸਾਖੀ ਪਰੰਪਰਾ ਕਿਸ ਗੁਰੂ ਦੇ ਜੀਵਨ-ਬਿਰਤਾਂਤ ਨਾਲ ਸੰਬੰਧ ਰੱਖਦੀ ਹੈ ?
(a) ਗੁਰੂ ਨਾਨਕ (b) ਬਾਬਾ ਫ਼ਰੀਦ
(c) ਗੁਰੂ ਗੋਬਿੰਦ ਸਿੰਘ ਜੀ (d) ਗੁਰੂ ਹਰਕ੍ਰਿਸ਼ਨ

5. ਸਵੈ-ਜੀਵਨੀ ਹੁੰਦੀ ਹੈ:-
(a) ਸਾਹਿਤ ਕੇਂਦਰਿਤ (b) ਪਾਠਕ ਕੇਂਦਰਿਤ
(c) ਸਮਾਜ ਕੇਂਦਰਿਤ (d) ਆਤਮ ਕੇਂਦਰਿਤ

6. 'ਘਰ ਦਾ ਪਿਆਰ' ਨਿਬੰਧ ਕਿਸ ਲੇਖਕ ਦਾ ਹੈ ?
(a) ਭਾਈ ਵੀਰ ਸਿੰਘ (b) ਪ੍ਰੋ. ਪੂਰਨ ਸਿੰਘ
(c) ਪ੍ਰਿੰ. ਤੇਜਾ ਸਿੰਘ (d) ਗੁਰਬਖ਼ਸ਼ ਸਿੰਘ ਪ੍ਰੀਤਲੜੀ

7. ਸੰਸਮਰਣ ਦਾ ਅਰਥ ਹੈ:-
(a) ਸਾਹਿਤ ਸਹਾਰੇ ਸੋਚੀਆਂ ਯਾਦਾਂ (b) ਯਾਦਾਂ ਸਹਾਰੇ ਸੋਚਿਆ ਸਾਹਿਤ
(c) ਯਾਦਾਂ ਦੀ ਸਮੀਖਿਆ (d) ਆਤਮ ਕਥਾ ਦੇ ਵਧੀਆ ਭਾਗ ਦੀ ਪੇਸ਼ਕਾਰੀ

8. ਕਿਸ ਵਾਰਤਕਕਾਰ ਨੇ ਸਿੱਖ ਸਿਧਾਂਤਾਂ ਨੂੰ ਆਧੁਨਿਕ ਸਰੋਕਾਰ ਨਾਲ ਜੋੜਿਆ ?
(a) ਸਾਹਿਬ ਸਿੰਘ (b) ਬਲਬੀਰ ਸਿੰਘ
(c) ਕਪੂਰ ਸਿੰਘ (d) ਭਾਈ ਵੀਰ ਸਿੰਘ

9. ਜੀਵਨੀ, ਸ੍ਵੈਜੀਵਨੀ ਦਾ ਵਿਭੇਦਕ ਲੱਛਣ ਹੈ:-
(a) ਇਤਿਹਾਸਕਤਾ (b) ਸਮੂਹਿਕਤਾ (c) ਸ੍ਵੈ-ਪਰਕਤਾ (d) ਗਾਲਪਨਿਕਤਾ

10. ਭਾਈ ਵੀਰ ਸਿੰਘ ਦੀ ਕਵਿਤਾ ਕਿਸ ਕਾਵਿ ਰੂਪਕਾਰ ਅਧੀਨ ਆਉਂਦੀ ਹੈ ?
(a) ਗ਼ਜ਼ਲ (b) ਸੰਬੋਧਤ ਗੀਤ
(c) ਖੁੱਲ੍ਹੀ ਕਵਿਤਾ (d) ਪ੍ਰਗੀਤ

11. ਅਰਬੀ ਭਾਸ਼ਾ ਦੇ ਸ਼ਬਦ 'ਨਜ਼ਮ' ਦਾ ਅਰਥ ਹੈ:-
(a) ਕਵਿਤਾ ਰਚਣੀ (b) ਮੋਤੀਆਂ ਨੂੰ ਧਾਗੇ ਵਿਚ ਪਰੋਣਾ
(c) ਸਿਰ ਗੁੰਦਣਾ (d) ਕਸੀਦਾ ਕੱਢਣਾ

12. ਡਾ. ਹਰਿਭਜਨ ਸਿੰਘ ਕਿਸ ਕਾਵਿ ਧਾਰਾ ਨਾਲ ਸੰਬੰਧਿਤ ਹੈ ?
(a) ਪ੍ਰਗਤੀਵਾਦੀ (b) ਪ੍ਰਯੋਗਵਾਦੀ (c) ਸੁਹਜਵਾਦੀ (d) ਜੁਝਾਰਵਾਦੀ

13. ਕਿਸ ਕਵੀ ਵਿਚ ਲੋਕ-ਯੋਗਤਾ ਦੀ ਵਧੇਰੇ ਵਰਤੋਂ ਹੋਈ ਹੈ ?
(a) ਸੁਰਜੀਤ ਪਾਤਰ (b) ਸ. ਸ. ਮੀਸ਼ਾ
(c) ਸ਼ਿਵ ਕੁਮਾਰ ਬਟਾਲਵੀ (d) ਜਗਤਾਰ

14. 'ਰੁੱਖ ਤੇ ਰਿਸ਼ੀ' ਕੀ ਹੈ ?
(a) ਨਾਵਲ (b) ਕਹਾਣੀ (c) ਕਵਿਤਾ (d) ਨਾਟਕ

15. 'ਸੁਗੰਧ ਸੁਮੀਰ' ਕਾਵਿ-ਸੰਗ੍ਰਹਿ ਕਿਸ ਵਾਦ ਨਾਲ ਸੰਬੰਧਿਤ ਹੈ ?
(a) ਯਥਾਰਥਵਾਦ (b) ਪ੍ਰਕਿਰਤੀਵਾਦ
(c) ਜੁਝਾਰਵਾਦ (d) ਪ੍ਰਗਤੀਵਾਦ

16. ਹੇਠ ਲਿਖਿਆਂ ਵਿਚੋਂ ਕਿਹੜਾ ਜੁੱਟ ਸਹੀ ਨਹੀਂ ਹੈ ?
(a) ਅੰਮ੍ਰਿਤਾ ਪ੍ਰੀਤਮ-ਜੁਝਾਰਵਾਦ
(b) ਪਾਸ਼-ਪ੍ਰਯੋਗਵਾਦ
(c) ਜਸਬੀਰ ਸਿੰਘ ਆਹਲੂਵਾਲੀਆ-ਆਦਰਸ਼ਵਾਦ
(d) ਜਸਵੰਤ ਸਿੰਘ ਨੇਕੀ-ਰਹੱਸਵਾਦ

17. ਪ੍ਰਗਤੀਵਾਦੀ ਕਾਵਿ ਪ੍ਰਵਿਰਤੀ ਦਾ ਆਰੰਭ 20ਵੀਂ ਸਦੀ ਦੇ ਕਿਸ ਦਹਾਕੇ ਵਿਚ ਹੋਇਆ ?
(a) ਪਹਿਲੇ (b) ਦੂਜੇ (c) ਤੀਜੇ (d) ਚੌਥੇ

18. ਖੁਲ੍ਹੀ ਕਵਿਤਾ ਦਾ ਆਰੰਭ ਪੰਜਾਬੀ ਵਿਚ ਕਿਸ ਕਵੀ ਦਆਰਾ ਹੋਇਆ ?
(a) ਭਾਈ ਵੀਰ ਸਿੰਘ (b) ਮੋਹਨ ਸਿੰਘ
(c) ਪੂਰਨ ਸਿੰਘ (d) ਧਨੀ ਰਾਮ ਚਾਤ੍ਰਿਕ

19. 'ਜੁਗਨੂੰ ਦੀਵਾ ਤੇ ਦਰਿਆ' ਪੁਸਤਕ ਦਾ ਲੇਖਕ ਹੈ:-
(a) ਸੁਰਜੀਤ ਪਾਤਰ (b) ਪਾਸ਼
(c) ਜ਼ਗਤਾਰ (d) ਸੰਤ ਰਾਮ ਉਦਾਸੀ

20. ਮੋਹਨ ਸਿੰਘ ਨੂੰ ਕਿਸ ਪੁਸਤਕ ਉੱਤੇ ਲੈਨਿਨ ਪੁਰਸਕਾਰ ਪ੍ਰਾਪਤ ਹੋਇਆ ?
(a) ਜੰਦਰੇ (b) ਜੈ ਮੀਰ
(c) ਨਨਕਾਇਣ (d) ਸਾਵੇ ਪੱਤਰ

21. 2014 ਦਾ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਕਿਸ ਪੁਸਤਕ ਨੂੰ ਮਿਲਿਆ ਹੈ ?
(a) ਅਗਰਬੱਤੀ (b) ਸੁਨੇਹੜੇ
(c) ਕੱਚ-ਸੱਚ (d) ਸਾਵੇ ਪੱਤਰ

22. ਮਹਾਂਕਾਵਿ ਨੂੰ ਕਾਵਿ ਦੀ ਕਿਸ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ ?
(a) ਨਾਟ ਕਾਵਿ (b) ਪ੍ਰਗੀਤ ਕਾਵਿ
(c) ਮੁਕਤ ਕਾਵਿ (d) ਬਿਰਤਾਂਤ ਕਾਵਿ

23. 'ਦੂਸਰੀ ਸੀਤਾ', 'ਤੀਲੀ ਦਾ ਨਿਸ਼ਾਨ', 'ਇਹ ਹਮਾਰਾ ਜੀਵਨਾ' ਅਤੇ ਨੰਗੇ ਪੈਰਾਂ ਦਾ ਸਫ਼ਰ ਕਿਸ ਦੀਆਂ ਰਚਨਾਵਾਂ ਹਨ ?
(a) ਬਚਿੰਤ ਕੌਰ
(b) ਦਲੀਪ ਕੌਰ ਟਿਵਾਣਾ
(c) ਅਜੀਤ ਕੌਰ
(d) ਅੰਮ੍ਰਿਤਾ ਪ੍ਰੀਤਮ

24. ਇਨ੍ਹਾਂ ਵਿਚੋਂ ਕਿਹੜਾ ਨਾਵਲ ਉਨੀਵੀਂ ਸਦੀ ਵਿਚ ਪ੍ਰਕਾਸ਼ਿਤ ਨਹੀਂ ਹੋਇਆ ?
(a) ਬਾਬਾ ਨੌਧ ਸਿੰਘ
(b) ਯਿਸੂਈ ਮੁਸਾਫ਼ਰ ਦੀ ਜਾਤ੍ਰਾ
(c) ਜਯੋਤਿਰੁਦਯ
(d) ਸੁੰਦਰੀ

25. 'ਮਸਲੇ ਗਲਪ ਦੇ' ਦਾ ਕਰਤਾ ਹੈ :-
(a) ਟੀ. ਆਰ. ਵਿਨੋਦ
(b) ਜੋਗਿੰਦਰ ਸਿੰਘ ਰਾਹੀ
(c) ਕੇਸਰ ਸਿੰਘ ਕੇਸਰ
(d) ਰਜਨੀਸ਼ ਬਹਾਦਰ ਸਿੰਘ

26. ਕਿਹੜਾ ਨਾਵਲਕਾਰ ਮਹਾਂਨਗਰੀ ਮਾਨਸਿਕਤਾ ਦੀ ਪ੍ਰਤਿਨਿਧਤਾ ਕਰਦਾ ਹੈ ?
(a) ਸੁਖਬੀਰ
(b) ਮੋਹਨ ਕਾਹਲੋਂ
(c) ਰਾਮ ਸਰੂਪ ਅਣਖੀ
(d) ਬਲਜੀਤ ਕੌਰ ਬੱਲੀ

27. ਪੰਜਾਬੀ ਨਾਵਲ ਅਧਿਐਨ ਬਾਰੇ ਕਿਹੜੀ ਪੁਸਤਕ ਸਭ ਤੋਂ ਪਹਿਲਾਂ ਪ੍ਰਕਾਸ਼ਿਤ ਹੋਈ ?
(a) ਪੰਜਾਬੀ ਨਾਵਲ – ਜੋਗਿੰਦਰ ਸਿੰਘ ਰਾਹੀ
(b) ਪੰਜਾਬੀ ਇਤਿਹਾਸਕ ਨਾਵਲ – ਸੁਰਿੰਦਰ ਸਿੰਘ ਦੁਸਾਂਝ
(c) ਪੰਜਾਬੀ ਨਾਵਲ ਦਾ ਮੁਹਾਂਦਰਾ - ਨਰਿੰਦਰ ਤਸਨੀਮ
(d) ਪੰਜਾਬੀ ਨਾਵਲ ਦਾ ਇਤਿਹਾਸ - ਗੁਰਚਰਨ ਸਿੰਘ

28. 'ਪੰਜਾਬੀ ਨਾਵਲ-ਵਿਧੀ ਤੇ ਵਿਚਾਰ' ਪੁਸਤਕ ਦਾ ਲੇਖਕ ਕੌਣ ਹੈ ?
(a) ਡਾ. ਸਵਿੰਦਰ ਸਿੰਘ ਉੱਪਲ
(b) ਡਾ. ਰਜਨੀਸ਼ ਬਹਾਦਰ
(c) ਡਾ. ਰਵਿੰਦਰ 'ਰਵੀ'
(d) ਨਰਿੰਜਨ ਤਸਨੀਮ

29. 'ਪ੍ਰੀਤ ਕਹਾਣੀਆਂ' ਕਿਸਦੀ ਰਚਨਾ ਹੈ ?
(a) ਗੁਰਬਖ਼ਸ਼ ਸਿੰਘ
(b) ਨਾਨਕ ਸਿੰਘ
(c) ਕੁਲਵੰਤ ਸਿੰਘ ਵਿਰਕ
(d) ਦਰਸ਼ਨ ਧੀਰ

30. ਆਧੁਨਿਕ ਪੰਜਾਬੀ ਨਾਵਲ ਦਾ ਪਿਤਾਮਾ :-
(a) ਭਾਈ ਮੋਹਨ ਸਿੰਘ ਵੈਦ
(b) ਭਾਈ ਵੀਰ ਸਿੰਘ
(c) ਰਾਮ ਸਰੂਪ ਅਣਖੀ
(d) ਗੁਰਦਿਆਲ ਸਿੰਘ ਫੁੱਲ

31. 'ਮਰਸੀਆ' ਹੈ :-
(a) ਨਾਵਲ
(b) ਕਹਾਣੀ ਸੰਗ੍ਰਹਿ
(c) ਕਾਫ਼ੀਆਂ
(d) ਕਾਵਿ-ਸੰਗ੍ਰਹਿ

32. 'ਲਹੂ ਮਿੱਟੀ' ਨਾਵਲ ਦਾ ਕਰਤਾ ਹੈ :-
(a) ਨਾਨਕ ਸਿੰਘ
(b) ਗੁਰਬਖ਼ਸ਼ ਸਿੰਘ ਪ੍ਰੀਤਲੜੀ
(c) ਸੋਹਣ ਸਿੰਘ ਸੀਤਲ
(d) ਪ੍ਰਿੰ. ਸੰਤ ਸਿੰਘ ਸੇਖੋਂ

33. ਪ੍ਰੋ. ਗੁਰਦਿਆਲ ਸਿੰਘ ਦੇ ਕਿਹੜੇ ਨਾਵਲ 'ਤੇ ਫਿਲਮ ਬਣੀ ?
(a) ਮੜ੍ਹੀ ਦਾ ਦੀਵਾ
(b) ਪਰਸਾ
(c) ਅੱਧ ਚਾਨਣੀ ਰਾਤ
(d) ਕੁਵੇਲਾ

34. 'The Novel and The People' ਰਚਨਾ ਕਿਸਨੇ ਰਚੀ ?
(a) ਈਗਲ
(b) ਕਾਡਵੈਲ
(c) ਜੂਲੀਅਟ
(d) ਰਾਲਫ਼ ਫ਼ਾਕਸ

35. ਆਧੁਨਿਕ ਯੁੱਗ ਦੀ ਹਰਮਨ ਪਿਆਰੀ ਸਾਹਿਤਕ ਵੰਨਗੀ ?
(a) ਡਾਇਰੀ
(b) ਨਿੱਕੀ ਕਹਾਣੀ
(c) ਰੇਖਾ ਚਿੱਤਰ
(d) ਸਵੈ ਜੀਵਨੀ

36. ਹੇਠ ਲਿਖਿਆਂ ਵਿਚੋਂ ਕੌਣ ਚੌਥੀ ਪੀੜ੍ਹੀ ਦਾ ਕਹਾਣੀਕਾਰ ਹੈ ?
(a) ਸੁਜਾਨ ਸਿੰਘ
(b) ਅਜੀਤ ਕੌਰ
(c) ਬਲਬੀਰ ਪਰਵਾਨਾ
(d) ਸੰਤ ਸਿੰਘ ਸੇਖੋਂ

37. 'ਫਾਲਤੂ ਔਰਤ' ਦਾ ਸੰਕਲਪ ਕਿਸਨੇ ਦਿੱਤਾ ?
(a) ਦਲੀਪ ਕੌਰ ਟਿਵਾਣਾ
(b) ਅਜੀਤ ਕੌਰ
(c) ਅੰਮ੍ਰਿਤਾ ਪ੍ਰੀਤਮ
(d) ਬਚਿੰਤ ਕੌਰ

38. 'ਰੇਤ' ਨਾਵਲ ਕਿਸਦਾ ਹੈ ?
(a) ਫਖ਼ਰ ਜ਼ਮਾਨ
(b) ਮਨਮੋਹਨ ਬਾਵਾ
(c) ਭਾਈ ਵੀਰ ਸਿੰਘ
(d) ਹਰਜੀਤ ਅਟਵਾਲ

39. ਅਸਤਿਤ੍ਵਵਾਦ ਨਾਲ ਸੰਬੰਧਿਤ ਗਲਪਕਾਰ ਹੈ :-
(a) ਦਲੀਪ ਕੌਰ ਟਿਵਾਣਾ
(b) ਸੁਰਜੀਤ ਸਿੰਘ ਸੇਠੀ
(c) ਅਜੀਤ ਕੌਰ
(d) ਗੁਰਦਿਆਲ ਸਿੰਘ

40. ਸਾਹਿਤਕ ਕਿਰਤਾਂ ਦੀ ਖ਼ੁਦਮੁਖਤਿਆਰੀ ਦਾ ਸੰਕਲਪ ਕਿਸ ਨੇ ਦਿੱਤਾ ?
(a) ਸੰਤ ਸਿੰਘ ਸੇਖੋਂ
(b) ਟੀ. ਆਰ. ਵਿਨੋਦ
(c) ਜਗਬੀਰ ਸਿੰਘ
(d) ਜੋਗਿੰਦਰ ਸਿੰਘ ਰਾਹੀ

41. 'ਭੂਆ' ਕਹਾਣੀ ਵਿਚਲਾ ਮਸਲਾ ਕਿਸ ਨਾਲ ਸੰਬੰਧਿਤ ਹੈ ?
(a) ਪੁਨਰ ਵਿਆਹ ਨਾਲ
(b) ਪੇਂਡੂ ਪਰਾਹੁਣਚਾਰੀ ਨਾਲ
(c) ਅਨਪੜ੍ਹਤਾ ਨਾਲ
(d) ਗਰੀਬੀ ਨਾਲ

42. ਕਿਹੜਾ ਕਹਾਣੀਕਾਰ ਮਨੋਵਿਗਿਆਨਕ ਤੱਤਾਂ ਦੀ ਪੇਸ਼ਕਾਰੀ ਕਰਕੇ ਜਾਣਿਆਂ ਜਾਂਦਾ ਹੈ ?
(a) ਸੁਜਾਨ ਸਿੰਘ
(b) ਚਰਨ ਸਿੰਘ ਸ਼ਹੀਦ
(c) ਕਰਤਾਰ ਸਿੰਘ ਦੁੱਗਲ
(d) ਬਲਵੰਤ ਗਾਰਗੀ

43. ਕਲਿੰਗਾ ਦੇ ਯੁੱਧ ਦਾ ਬਿਰਤਾਂਤ ਕਿਸ ਨਾਵਲ ਵਿਚ ਪੇਸ਼ ਹੋਇਆ ਹੈ ?
(a) ਤੋਸ਼ਾਲੀ ਦੀ ਹੰਸੋ
(b) ਕੌਰਵ ਸਭਾ
(c) ਯੁੱਧ ਨਾਦ
(d) ਇੱਕ ਮਿਆਨ ਦੋ ਤਲਵਾਰਾਂ

44. 'ਖ਼ਾਮੋਸ਼ੀ ਦਾ ਜ਼ਜ਼ੀਰਾ' ਪੁਸਤਕ ਕਿਸ ਕਹਾਣੀਕਾਰ ਦੀ ਕਹਾਣੀ ਨਾਲ ਸੰਬੰਧਿਤ ਹੈ ?
(a) ਕੁਲਵੰਤ ਸਿੰਘ ਵਿਰਕ
(b) ਅਜੀਤ ਕੌਰ
(c) ਪ੍ਰੇਮ ਪ੍ਰਕਾਸ਼
(d) ਮੋਹਨ ਕਾਹਲੋਂ

45. ਆਧੁਨਿਕ ਨਾਟਕ ਸਾਹਿਤ ਦੀ ਨੱਕੜ ਦਾਦੀ ਕੌਣ ਹੈ ?
(a) ਅੰਮ੍ਰਿਤਾ ਪ੍ਰੀਤਮ
(b) ਅਜੀਤ ਕੌਰ
(c) ਮਿਸਿਜ਼ ਨੋਰ੍ਹਾ ਰਿਚਰਡਜ਼
(d) ਸ੍ਰੀਮਤੀ ਧਰਮ ਕੌਰ

46. ਨਾਟਕ ਵਿਚ ਕਥਾਰਸਿਸ ਦਾ ਸੰਕਲਪ ਦੇਣ ਹੈ :-
(a) ਪਲੈਟੋ ਦੀ
(b) ਅਰਸਤੂ ਦੀ
(c) ਬਰੈਡਲੇ ਦੀ
(d) ਸ਼ੈਕਸਪੀਅਰ ਦੀ

47. ਨਾਟ-ਸ਼ਾਲਾ ਅੰਮ੍ਰਿਤਸਰ ਦਾ ਸੰਸਥਾਪਕ ਕੌਣ ਹੈ ?
(a) ਅਨੀਤਾ ਦੇਵਗਨ
(b) ਜਤਿੰਦਰ ਬਰਾੜ
(c) ਦਰਦੀਪ
(d) ਜਗਦੀਸ਼ ਸਚਦੇਵਾ

48. ਬਲਵੰਤ ਗਾਰਗੀ ਦਾ ਨਾਟਕ 'ਲੋਹਾ-ਕੁੱਟ' ਕਦੋਂ ਲਿਖਿਆ ਗਿਆ ?
(a) 1942 (b) 1944 (c) 1946 (d) 1945

49. ਚਰਨ ਦਾਸ ਸਿੱਧੂ ਦੇ ਨਾਵਲਾਂ ਦਾ ਮੁੱਖ ਆਂਚਲਿਕ ਖੇਤਰ :-
(a) ਰੁਾਲਵਾ (b) ਦੁਆਬਾ (c) ਮਾਝਾ (d) ਪਹਾੜੀ

50. ਰੇਡੀਓ ਨਾਟਕ ਵਿਚ ਕਿਸ ਉੱਪਰ ਵਧੇਰੇ ਬਲ ਹੈ ?
(a) ਸੰਗੀਤ (b) ਆਵਾਜ਼ (c) ਸੰਵਾਦ (d) ਤਿੰਨਾਂ ਉੱਪਰ

51. ਪੰਜਾਬੀ ਨਾਟਕ ਵਿਚ ਲੋਕ-ਨਾਟ ਵਿਧੀਆਂ ਨੂੰ ਅਪਨਾਉਣ ਵਾਲਾ ਨਾਟਕਕਾਰ ਹੈ :-
(a) ਬਲਵੰਤ ਗਾਰਗੀ
(b) ਕਪੂਰ ਸਿੰਘ ਘੁੰਮਣ
(c) ਹਰਚਰਨ ਸਿੰਘ
(d) ਆਤਮ ਜੀਤ

52. ਨਾਟਕ ਦਾ ਮੂਲ ਤੱਤ ਹੈ :-
(a) ਪਾਤਰ ਚਿਤ੍ਰਣ
(b) ਵਾਰਤਾਲਾਪ
(c) ਕਥਾਨਕ
(d) ਜੀਵਨ-ਦਰਸ਼ਨ

53. ਨਾਟਯ ਸ਼ਾਸਤਰ ਕਿਸਦੀ ਰਚਨਾ ਹੈ ?
(a) ਦੰਡੀ
(b) ਹਰਸ਼ ਵਰਧਨ
(c) ਭਰਤ ਮੁਨੀ
(d) ਕਾਲੀਦਾਸ

54. 'ਉਹ ਚੰਨ ਵਰਗਾ ਹੈ' ਅਲੰਕਾਰ ਦੀ ਕਿਹੜੀ ਕਿਸਮ ਹੈ ?
(a) ਅਨੁਪ੍ਰਾਸ (b) ਅਤਿ-ਕਥਨੀ (c) ਉਪਮਾ (d) ਰੂਪਕ

55. 'ਸਿਸਟਮੀ ਆਲੋਚਨਾ' ਦਾ ਸੰਕਲਪ ਕਿਸ ਨੇ ਅਪਣਾਇਆ ?
(a) ਸਤਿੰਦਰ ਸਿੰਘ ਨੂਰ
(b) ਤਰਲੋਕ ਸਿੰਘ ਕੰਵਰ
(c) ਗੁਰਬਚਨ
(d) ਹਰਿਭਜਨ ਸਿੰਘ

56. 'ਕਾਵਿ-ਸ਼ਾਸਤਰ, ਦੇਹ ਤੇ ਕ੍ਰਾਂਤੀ' ਦਾ ਕਰਤਾ :-
(a) ਡਾ. ਤੇਜਵੰਤ ਸਿੰਘ ਗਿੱਲ
(b) ਡਾ. ਕੇਸਰ ਸਿੰਘ ਕੇਸਰ
(c) ਡਾ. ਗੁਰਭਗਤ ਸਿੰਘ
(d) ਡਾ. ਗੁਰਚਰਨ ਸਿੰਘ ਅਰਸ਼ੀ

57. ਕਿਹੜੀ ਆਲੋਚਨਾ ਪ੍ਰਣਾਲੀ ਦਾ ਆਧਾਰ ਦਾਰਸ਼ਨਿਕ ਹੈ ?
(a) ਸ਼ੈਲੀ ਵਿਗਿਆਨਕ
(b) ਰੂਪਵਾਦੀ
(c) ਮਨੋਵਿਗਿਆਨਕ
(d) ਮਾਰਕਸਵਾਦੀ

58. 'ਵਿਰਸਾ ਤੇ ਵਰਤਮਾਨ' ਪੁਸਤਕ ਦਾ ਲੇਖਕ ਹੈ ?
(a) ਡਾ. ਅਤਰ ਸਿੰਘ
(b) ਸੰਤ ਸਿੰਘ ਸੇਖੋਂ
(c) ਡਾ. ਰਵਿੰਦਰ ਰਵੀ
(d) ਡਾ. ਹਰਿਭਜਨ ਸਿੰਘ

59. 'ਪ੍ਰਯੋਗਵਾਦ' ਦਾ ਉਦੇਸ਼ ਹੈ :-
(a) ਪ੍ਰਚਤਲ ਰੂਪਕਾਰਾਂ ਰਾਹੀਂ ਸਾਹਿਤ ਸਿਰਜਣਾ
(b) ਸ਼ੈਲੀ ਤੇ ਵਸਤੂ ਦੇ ਨਵੇਂ ਪ੍ਰਤਿਮਾਨ ਸਥਾਪਤ ਕਰਨੇ
(c) ਨਵੇਂ ਰੂਪਾਕਾਰ ਪ੍ਰਚਲਤ ਕਰਨੇ
(d) ਨਵੇਂ ਸਾਹਿਤਕਾਰਾਂ ਨੂੰ ਪ੍ਰੇਰਨਾ

60. 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ' ਦਾ ਲੇਖਕ ਹੈ :-
(a) ਸ਼ਾਹ ਹੁਸੈਨ
(b) ਨਜ਼ਮ ਹੁਸੈਨ ਸੱਯਦ
(c) ਮੀਆਂ ਮੁਹੰਮਦ ਬਖ਼ਸ਼
(d) ਮੌਲਾ ਬਖ਼ਸ਼ ਕੁਸ਼ਤਾ

61. 'ਰੁਕਨ' ਅਤੇ 'ਅਰਕਾਨ' ਸੰਬੰਧਿਤ ਹਨ :-
(a) ਪਿੰਗਲ ਨਾਲ
(b) ਅਰੂਜ਼ ਨਾਲ
(c) ਗ਼ਜ਼ਲ ਨਾਲ
(d) ਸ਼ੇਅਰ ਨਾਲ

62. ਕਿਹੜਾ ਸਾਹਿਤ ਰੂਪ ਸਮਾਜ ਸ਼ਾਸਤਰੀ ਆਲੋਚਨਾ ਪ੍ਰਣਾਲੀ ਲਈ ਢੁਕਵਾਂ ਹੈ ?
(a) ਕਵਿਤਾ
(b) ਕਹਾਣੀ
(c) ਰੇਖਾ ਚਿੱਤਰ
(d) ਨਾਵਲ

63. 'Structural Anthropology' ਪੁਸਤਕ ਕਿਸ ਨੇ ਲਿਖੀ ਹੈ ?
(a) ਲੈਵੀ ਸਤ੍ਰਾਸ
(b) ਐਡਮ ਸਕਾਫ਼
(c) ਬ੍ਰੋਕਮੈਨ
(d) ਜੇਮਸਨ

64. 'ਅਜਨਬੀਕਰਨ' ਸਿਧਾਂਤ ਹੈ :-
(a) ਰੂਸੀ ਰੂਪਵਾਦੀਆਂ ਦਾ
(b) ਥੀਮ ਵਿਗਿਆਨੀਆਂ ਦਾ
(c) ਚਿਹਨ ਵਿਗਿਆਨੀਆਂ ਦਾ
(d) ਸੰਰਚਨਾਵਾਦੀਆਂ ਦਾ

65. 'ਪ੍ਰੀਤਲੜੀ' ਮਾਸਿਕ ਪੱਤਰ ਕਦੋਂ ਜਾਰੀ ਹੋਇਆ :-
(a) 1931 (b) 1932 (c) 1934 (d) 1933

66. 'ਡਾਇਸਪੋਰਾ' ਸ਼ਬਦ ਹੈ :-
(a) ਯੂਨਾਨੀ (b) ਅਰਬੀ ਹੈ
(c) ਭਾਰਤੀ (d) ਇਨ੍ਹਾਂ ਚੋਂ ਕੋਈ ਵੀ ਨਹੀਂ

67. 'ਫਿਲਹਾਲ' ਮੈਗਜ਼ੀਨ ਦਾ ਸੰਪਾਦਕ ਕੌਣ ਹੈ ?
(a) ਅਜਮੇਰ ਰੋਡੇ (b) ਗੁਰਬਚਨ
(c) ਰਜਨੀਸ਼ ਬਹਾਦਰ (d) ਜੋਗਿੰਦਰ ਸਿੰਘ ਕੈਰੋਂ

68. 'ਮੁੱਲ ਦੀ ਤੀਵੀਂ" ਕਹਾਣੀ ਸੰਗ੍ਰਹਿ ਦਾ ਲੇਖਕ ਹੈ :-
(a) ਵੀਨਾ ਵਰਮਾ (b) ਅਮਨਪਾਲ ਸਾਰਾ
(c) ਰਘਬੀਰ ਢੰਡ (d) ਜਰਨੈਲ ਸਿੰਘ

69. 'ਏਕ ਚਾਦਰ ਮੈਲੀ ਸੀ' ਫ਼ਿਲਮ ਕਿਸ ਦੇ ਨਾਵਲ ਤੇ ਆਧਾਰਿਤ ਹੈ ?
(a) ਨਾਨਕ ਸਿੰਘ (b) ਟਾਲਸਟਾਇ
(c) ਰਜਿੰਦਰ ਸਿੰਘ ਬੇਦੀ (d) ਗੋਰਕੀ

70. ਪੰਜਾਬੀ ਦਾ ਰਾਜ ਗਾਇਕ ਕੌਣ ਹੈ ?
(a) ਗੁਰਦਾਸ ਮਾਨ (b) ਹੰਸ ਰਾਜ ਹੰਸ
(c) ਹਰਭਜਨ ਮਾਨ (d) ਕੁਲਦੀਪ ਮਾਣਕ

71. ਅੰਮ੍ਰਿਤਾ ਸ਼ੇਰਗਿੱਲ ਕਿਹੜੇ ਖੇਤਰ ਨਾਲ ਸੰਬੰਧਿਤ ਹੈ ?
(a) ਫ਼ਿਲਮ ਜਗਤ (b) ਖੇਡ ਜਗਤ
(c) ਉਦਯੋਗ ਜਗਤ (d) ਚਿੱਤਰਕਾਰੀ

72. ਸੁਰਜੀਤ ਪਾਤਰ ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਕਿਸ ਰਚਨਾ ਲਈ ਦਿੱਤਾ ਗਿਆ ?
(a) ਹਵਾ ਵਿਚ ਲਿਖੇ ਹਰਫ਼ (b) ਬਲਦਾ ਬਿਰਖ਼ ਹਾਂ
(c) ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ (d) ਹਨੇਰੇ ਵਿਚ ਸੁਲਗਦੀ ਵਰਣਮਾਲਾ

73. 'ਖੋਜ ਦਰਪਣ' ਰਸਾਲਾ ਕਿਸ ਯੂਨੀਵਰਸਿਟੀ ਤੋਂ ਪ੍ਰਕਾਸ਼ਿਤ ਹੁੰਦਾ ਹੈ ?
(a) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
(b) ਪੰਜਾਬੀ ਯੂਨੀਵਰਸਿਟੀ, ਪਟਿਆਲਾ
(c) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
(d) ਦਿੱਲੀ ਯੂਨੀਵਰਸਿਟੀ, ਦਿੱਲੀ

74. 'ਖੋਜ' ਅਤੇ 'ਆਲੋਚਨਾ' ਹਨ:-
(a) ਪੂਰਕ (b) ਨਿਖੜਵੀਆਂ (c) ਵਿਰੋਧੀ (d) ਸਮਾਨਾਰਥੀ

75. ਹੇਠ ਲਿਖਿਆਂ ਵਿਚੋਂ ਕਿਹੜਾ ਪੰਜਾਬੀ ਅਖ਼ਬਾਰ ਹੈ ?

(a) ਪਰਖ
(b) ਆਲੋਚਨਾ
(c) ਸਪੋਕਸਮੈਨ
(d) ਹਿੰਦੁਸਤਾਨ ਟਾਇਮਸ

76. 'ਸਾਹਿਤ ਕੋਸ਼ ਪਾਰਿਭਾਸ਼ਿਕ ਸ਼ਬਦਾਵਲੀ' ਦਾ ਸੰਪਾਦਕ ਕੌਣ ਹੈ ?

(a) ਕਾਨ੍ਹ ਸਿੰਘ ਨਾਭਾ
(b) ਡਾ. ਰਤਨ ਸਿੰਘ ਜੱਗੀ
(c) ਡਾ. ਗੁਰਸ਼ਰਨ ਕੌਰ ਜੱਗੀ
(d) ਟੀ. ਆਰ. ਵਿਨੋਦ

77. 'ਪੰਜਾਬੀ ਸੂਫ਼ੀ-ਸਾਹਿਤ ਸੰਦਰਭ ਗ੍ਰੰਥ' ਦਾ ਸੰਪਾਦਕ ਕੌਣ ਹੈ ?

(a) ਡਾ. ਰਤਨ ਸਿੰਘ ਜੱਗੀ
(b) ਗੁਰਦੇਵ ਸਿੰਘ
(c) ਗੁਲਵੰਤ ਸਿੰਘ
(d) ਹਰਕੀਰਤ ਸਿੰਘ

78. ਹੇਠ ਲਿਖੇ ਲੇਖਕਾਂ ਵਿਚੋਂ ਕਿਸ ਨੂੰ ਸਰਸਵਤੀ ਪੁਰਸਕਾਰ ਮਿਲਿਆ ?

(a) ਅੰਮ੍ਰਿਤਾ ਪ੍ਰੀਤਮ
(b) ਗੁਲਜ਼ਾਰ ਸਿੰਘ ਸੰਧੂ
(c) ਹਰਿਭਜਨ ਸਿੰਘ
(d) ਕਰਤਾਰ ਸਿੰਘ ਦੁੱਗਲ

79. ਹੇਠ ਲਿਖੇ ਲੇਖਕਾਂ ਵਿਚੋਂ ਕਿਸ ਨੇ ਕਵਿਤਾ ਵਿਚ ਸਵੈ-ਜੀਵਨੀ ਲਿਖੀ ?

(a) ਜਸਵੰਤ ਸਿੰਘ ਨੇਕੀ
(b) ਸੁਰਜੀਤ ਪਾਤਰ
(c) ਖ਼ੁਸ਼ਵੰਤ ਸਿੰਘ
(d) ਭਾਈ ਵੀਰ ਸਿੰਘ

80. 'ਲੋਕਧਾਰਾ' ਵਿਸ਼ਵਕੋਸ਼ ਕਿੰਨੀਆਂ ਭਾਗਾਂ ਵਿਚ ਹੈ ?

(a) 9 (b) 3 (c) 6 (d) 8

81. ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਬਾਰਾਂਮਾਹ ਹਨ ?

(a) 4 (b) 2 (c) 3 (d) 1

82. 'ਅਜੀਤ' ਅਖ਼ਬਾਰ ਦਾ ਸੰਪਾਦਕ ਕੌਣ ਹੈ ?

(a) ਵਰਿੰਦਰ ਵਾਲੀਆਂ
(b) ਗੁਰਬਚਨ ਸਿੰਘ ਭੁੱਲਰ
(c) ਬਰਜਿੰਦਰ ਸਿੰਘ
(d) ਸ਼ੰਗਾਰਾ ਸਿੰਘ ਭੁੱਲਰ

83. 'ਆਸਾ ਦੀ ਵਾਰ' ਨੂੰ ਕਿਸ ਧੁਨੀ ਉਪਰ ਗਾਉਣ ਦਾ ਹੁਕਮ ਹੈ ?

(a) ਟੁੰਡੇ ਅਸਰਾਜੇ ਦੀ
(b) ਹਸਨੇ ਮਹਿਮੇ ਦੀ
(c) ਮੂਸੇ ਦੀ ਵਾਰ
(d) ਲੱਲਾ ਬਹਿਲੀਮਾ ਦੀ

84. 'ਅਕਾਲ ਤਖ਼ਤ' ਦੀ ਸਿਰਜਣਾ ਕਿਸ ਗੁਰੂ ਵਿਅਕਤੀ ਨੇ ਕੀਤੀ ?

(a) ਗੁਰੂ ਰਾਮਦਾਸ
(b) ਗੁਰੂ ਅਰਜਨ ਦੇਵ
(c) ਗੁਰੂ ਹਰਿਗੋਬਿੰਦ
(d) ਗੁਰੂ ਤੇਗ਼ ਬਹਾਦਰ

85. ਭਾਸ਼ਾ ਕੀ ਹੈ ?
(a) ਚਿਹਨ-ਰੂਪ ਹੈ
(b) ਸ਼ਬਦ ਰੂਪ ਹੈ
(c) ਅੱਖਰ-ਰੂਪ ਹੈ
(d) ਲਿਪੀ-ਰੂਪ ਹੈ

86. ਭਾਸ਼ਾ ਵਿਚ ਸ਼ਬਦ ਤੇ ਅਰਥ ਦਾ ਸੰਬੰਧ ਹੈ:-
(a) ਕੁਦਰਤੀ
(b) ਆਪਹੁਦਰਾ
(c) ਨਿਆਇਯੁਕਤ
(d) ਵਿਆਕਰਨਕ

87. ਵਿਆਕਰਣ ਕੀ ਹੈ ?
(a) ਭਾਸ਼ਾ ਸਿੱਖਣ ਦਾ ਸਾਧਨ
(b) ਭਾਸ਼ਾ ਲਿਖਣ ਦਾ ਸਾਧਨ
(c) ਭਾਸ਼ਾ ਪਿੱਛੇ ਕਾਰਜਸ਼ੀਲ ਨਿਯਮ-ਪ੍ਰਬੰਧ
(d) ਤਿੰਨਾ ਵਿਚੋਂ ਕੋਈ ਵੀ ਨਹੀਂ

88. ਪੰਜਾਬੀ ਭਾਸ਼ਾ ਦਾ ਸੰਬੰਧ ਕਿਸ ਭਾਸ਼ਾ ਪਰਿਵਾਰ ਨਾਲ ਹੈ ?
(a) ਭਾਰਤੀ ਆਰੀਆ ਭਾਸ਼ਾ ਪਰਿਵਾਰ
(b) ਦਰਾਵੜ ਭਾਸ਼ਾ ਪਰਿਵਾਰ
(c) ਸਾਮੀ ਭਾਸ਼ਾ ਪਰਿਵਾਰ
(d) ਹਾਮੀ ਪਰਿਵਾਰ

89. ਭਾਸ਼ਾ ਅਤੇ ਉਪ-ਭਾਸ਼ਾ ਦੀ ਵੱਖਰਤਾ ਦਾ ਆਧਾਰ ਹੈ ?
(a) ਅਰਥ (b) ਵਾਕ (c) ਖੇਤਰ (d) ਵਿਆਕਰਨ

90. ਬਠਿੰਡਾ ਅਤੇ ਮੁਕਤਸਰ ਜ਼ਿਲ੍ਹਿਆਂ ਵਿਚ ਪੰਜਾਬੀ ਦੀ ਕਿਹੜੀ ਉਪ-ਭਾਸ਼ਾ ਬੋਲੀ ਜਾਂਦੀ ਹੈ ?
(a) ਮਾਝੀ (b) ਮਲਵਈ (c) ਦੁਆਬੀ (d) ਪੁਆਧੀ

91. ਪੂਰਬੀ ਅਤੇ ਪੱਛਮੀ ਪੰਜਾਬੀ ਦੀਆਂ ਉਪਭਾਸ਼ਾਵਾਂ ਦਾ ਵਿਭੇਦਕ ਹੈ:-
(a) ਸ਼ਬਦਾਵਲੀ ਦੀ ਵਿਭਿੰਨਤਾ
(b) ਸਘੋਸ਼ ਮਹਾਂਪ੍ਰਾਣ ਧੁਨੀਆਂ ਦੀ ਵਿਭਿੰਨਤਾ
(c) ਵਿਆਕਰਨ ਦੀ ਵਿਭਿੰਨਤਾ
(d) ਸ੍ਰੋਤ ਦੀ ਵਿਭਿੰਨਤਾ

92. ੳ, ਅ, ੲ ਕੀ ਹਨ:-
(a) ਧੁਨੀਆਂ (b) ਸੂਰ ਵਾਹਕ (c) ਅਰਧ ਸ੍ਵਰ (d) ਸ੍ਵਰ

93. ਟ, ਠ, ਡ, ਢ, ਣ ਕਿਸ ਵਰਗ ਦੀਆਂ ਧੁਨੀਆਂ ਹਨ ?
(a) ਹੋਠੀ (b) ਤਾਲਵੀ (c) ਕੰਠੀ (d) ਉਲਟ-ਜੀਭੀ

94. ਲਿਪੀ ਕੀ ਹੈ ?
(a) ਵਿਆਕਰਨਕ ਪ੍ਰਬੰਧ
(b) ਅੱਖਰ ਪ੍ਰਬੰਧ
(c) ਸ਼ਬਦ ਪ੍ਰਬੰਧ
(d) ਧੁਨੀ ਪ੍ਰਬੰਧ

95. 'ਏ ਰੈਫਰੈਂਸ ਆਫ ਪੰਜਾਬੀ' ਦਾ ਲੇਖਕ ਹੈ:-
(a) ਡਾ. ਪਰਮਜੀਤ ਸਿੰਘ ਸਿੱਧੂ
(b) ਡਾ. ਹਰਕੀਰਤ ਸਿੰਘ
(c) ਡਾ. ਪ੍ਰੇਮ ਪ੍ਰਕਾਸ਼ ਸਿੰਘ
(d) ਡਾ. ਹਰਜੀਤ ਸਿੰਘ ਗਿੱਲ

96. ਪੰਜਾਬੀ ਭਾਸ਼ਾ ਦੇ ਕਿਹੜੇ ਅੱਖਰ ਸ਼ਬਦ ਦੀ ਆਦਿ ਸਥਿਤੀ ਵਿਚ ਨਹੀਂ ਆਉਂਦੇ ?
(a) ਙ, ਞ, ਣ, ੜ
(b) ਸ, ਘ, ਝ, ਢ
(c) ਠ, ਡ, ਢ, ਲ
(d) ਕ, ਫ, ਟ, ਤ

97. "ਉਹ ਪੜ੍ਹ ਰਿਹਾ ਹੈ।" ਵਾਕ ਵਿਚ 'ਰਿਹਾ' ਕੀ ਹੈ ?
(a) ਮੁੱਖ ਕਿਰਿਆ (b) ਸੰਚਾਲਕ ਕਿਰਿਆ
(c) ਸਹਾਇਕ ਕਿਰਿਆ (d) ਕਿਰਿਆ ਵਿਸ਼ੇਸ਼ਣ

98. ਸਭ ਤੋਂ ਪਹਿਲਾਂ ਕਿਹੜੀ ਲਿਪੀ ਹੋਂਦ ਵਿਚ ਆਈ ?
(a) ਸੰਕੇਤਕ ਲਿਪੀ (b) ਅੱਖਰ ਲਿਪੀ
(c) ਚਿਤਰ ਲਿਪੀ (d) ਗੰਢ ਲਿਪੀ

99. ਵਾਕ ਅਰਥ ਨਾਲ ਸੰਬੰਧਤ ਸ਼ਕਤੀ ਕਿਹੜੀ ਹੈ ?
(a) ਅਬਿਧਾ (b) ਲਕਸ਼ਣਾ (c) ਵਿਅੰਜਨਾ (d) ਤਾਤਪਰਯ

100. ਸਾਹਿਤ ਦੀ ਇਤਿਹਾਸਕਾਰੀ ਦਾ ਮੁੱਖ ਆਧਾਰ ਹੁੰਦਾ ਹੈ:-
(a) ਧਰਮ ਕਲਾ (b) ਸਾਹਿਤਿਕ ਕ੍ਰਿਤਾਂ
(c) ਇਤਿਹਾਸ (d) ਸਮਾਜ

101. ਪੰਜਾਬੀ ਸਹਿਤ ਦੇ ਇਤਿਹਾਸ ਦਾ ਮੁੱਢ ਬੰਨਿਆਂ:-
(a) ਮੋਹਨ ਸਿੰਘ ਦੀਵਾਨਾ ਨੇ (b) ਬਾਵਾ ਬੁੱਧ ਸਿੰਘ ਨੇ
(c) ਮੌਲਾ ਬਖ਼ਸ਼ ਕੁਸ਼ਤਾ ਨੇ (d) ਸ) ਗੋਪਾਲ ਸਿੰਘ ਦਰਦੀ ਨੇ

102. ਪੰਜਾਬੀ ਸਾਹਿਤ ਵਿਚ ਆਧੁਨਿਕ ਕਾਲ ਦਾ ਆਰੰਭ ਹੁੰਦਾ ਹੈ:-
(a) 1800 ਤੋਂ ਬਾਅਦ (b) 1860 ਤੋਂ ਬਾਅਦ
(c) 1805 ਤੋਂ ਬਾਅਦ (d) 1920 ਤੋਂ ਬਾਅਦ

103. ਰਹੱਸਵਾਦ ਅਨੁਸਾਰ ਸਭ ਤੋਂ ਉੱਚਾ ਦਰਜਾ ਹੈ:-
(a) ਬੁੱਧੀ (b) ਮਨ (c) ਾਤਮਾ (d) ਤਰਕ

104. ਰੁਮਾਂਸਵਾਦ ਸ਼ਬਦ ਦੀ ਸਭ ਤੋਂ ਪਹਿਲਾਂ ਵਰਤੋਂ ਕਰਨ ਵਾਲਾ ਹੈ:-
(a) ਪੀ. ਬੀ. ਸ਼ੈਲੇ (b) ਕਾਰਲਾਇਲ
(c) ਟਾਲਸਟਾਇ (d) ਰੂਸੋ

105. ਅਸਿਤਤ੍ਵਵਾਦ ਦਾ ਸੰਸਥਾਪਕ ਕੌਣ ਸੀ ?
(a) ਹਾਈਡੀਗਰ ਜਾਂ ਹਾਈਡ੍ਰੈਗਰ (b) ਨੀਤਸ਼ੇ
(c) ਕਾਮੂ (d) ਸਾਰਤਰ

106. ਮਾਰਕਸਵਾਦੀ ਆਲੋਚਨਾ ਪ੍ਰਣਾਲੀ ਦਾ ਆਧਾਰ ਹੈ:-
(a) ਯਥਾਰਥਕਤਾ (b) ਆਦਰਸ਼ਕਤਾ
(c) ਣਵੰਦਾਤਮਕਤਾ (d) ਸਮਾਜਕਤਾ

107. 'ਫੋਕਲੋਰ' ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਕਿਸ ਵਿਦਵਾਨ ਦੁਆਰਾ ਕੀਤੀ ਗਈ ?
(a) ਐਲਨ ਡੰਡੀਜ (b) ਔਰਲੀਓ ਐਮ. ਐਸਪੀਨੋਜ਼ਾ
(c) ਆਰ. ਡੀ. ਜੇਮਸਨ (d) ਜੋਹਨ ਵਿਲੀਅਮ ਥਾਮਸ

**108.** ਪੰਜਾਬੀ ਵਿਚ 'ਲੋਕ ਵੇਦ' ਸ਼ਬਦ ਕਿਸ ਨੇ ਪ੍ਰਚੱਲਤ ਕੀਤਾ ?

(a) ਕਰਨੈਲ ਸਿੰਘ ਥਿੰਦ ਨੇ  (b) ਹਰਿਭਜਨ ਸਿੰਘ ਨੇ
(c) ਵਣਜਾਰਾ ਬੇਦੀ ਨੇ  (d) ਨਾਹਰ ਸਿੰਘ ਨੇ

**109.** 'ਝੂਮਰ ਗੀਤ' ਕਿਸ ਵੰਨਗੀ ਵਿਚ ਆਉਂਦਾ ਹੈ ?

(a) ਧਾਰਮਿਕ ਗੀਤ  (b) ਰੋਮਾਂਟਿਕ ਗੀਤ
(c) ਨ੍ਰਿਤ ਗੀਤ  (d) ਸੰਸਕਾਰ ਗੀਤ

**110.** 'ਟੋਟਮ' ਤੋਂ ਕੀ ਭਾਵ ਹੈ ?

(a) ਸਭਿਆਚਾਰਕ ਮਾਨਸਿਕਤਾ  (b) ਸਭਿਆਚਾਰਕ ਚਿੰਨ੍ਹ
(c) ਸਭਿਆਚਾਰਕ ਜੀਵਨ-ਜਾਂਚ  (d) ਸਭਿਆਚਾਰਕ ਵਰਚਨਾ

**111.** ਕਲਚਰ (culture) ਸ਼ਬਦ ਦਾ ਮੂਲ 'ਕਲਟਸ' ਕਿਸ ਭਾਸ਼ਾ ਦਾ ਸ਼ਬਦ ਹੈ ?

(a) ਯੂਨਾਨੀ  (b) ਲਾਤੀਨੀ  (c) ਫਰਾਂਸੀਸੀ  (d) ਅੰਗਰੇਜੀ

**112.** ਗੁੱਗੇ ਦੀ ਪੂਜਾ ਦਾ ਸੰਬੰਧ ਹੈ:-

(a) ਪਿਤਰ ਪੂਜਾ  (b) ਪੀਰਾਂ ਦੀ ਪੂਜਾ  (c) ਨਾਗ ਪੂਜਾ  (d) ਦੇਵੀ ਦੀ ਪੂਜਾ

**113.** ਪੰਜਾਬੀ ਪਹਿਰਾਵੇ ਵਿਚ 'ਪੱਗ' ਸੂਚਕ ਹੈ:-

(a) ਇਸਲਾਮੀ ਪ੍ਰਭਾਵ ਦੀ  (b) ਸਿੱਖ ਧਰਮ ਦੇ ਪ੍ਰਭਾਵ ਦੀ
(c) ਹਿੰਦੂ ਧਰਮ ਦੇ ਪ੍ਰਭਾਵ ਦੀ  (d) ਕਸ਼ਮੀਰੀ ਪ੍ਰਭਾਵ ਦੀ

**114.** ਮਾਂ ਜੰਮੀ ਨਾ ਪੁੱਤ ਬਨੇਰੇ' ਕੀ ਹੈ ?

(a) ਬੁਝਾਰਤ  (b) ਅਖਾਣ  (c) ਲੋਕੋਕਤੀ  (d) ਮੁਹਾਵਰਾ

**115.** ਮਿੱਥ ਦਾ ਕਾਰਜ ਹੈ:-

(a) ਵਿਸ਼ਵਾਸਾਂ ਦੀ ਵਿਆਖਿਆ ਅਤੇ ਕੋਡ-ਸਿਰਜਨ
(b) ਨੈਤਿਕ ਵਿਚਾਰ ਅਤੇ ਸੁਰੱਖਿਅਤਾ
(c) ਅਨੁਸ਼ਠਾਨ ਕੁਸ਼ਲਤਾ
(d) ਉਪਰੋਕਤ ਸਾਰੇ ਹੀ

**116.** ਵਾਰਿਸ ਸ਼ਾਹ ਨੇ ਹੀਰ ਦੇ ਕਿੱਸੇ ਦੀ ਰਚਨਾ ਕੀਤੀ:-

(a) ਦਵੱਈਆ ਛੰਦ ਵਿਚ  (b) ਸੋਰਠਾ ਛੰਦ ਵਿਚ
(c) ਬੈਂਤ ਛੰਦ ਵਿਚ  (d) ਸਰਖੰਡੀ ਛੰਦ ਵਿਚ

**117.** ਬਾਬਾ ਫਰੀਦ ਕਿਹੜੀ ਸਦੀ ਈਸਵੀ ਦੇ ਕਵੀ ਸਨ ?

(a) ਗਿਅਰਵੀਂ-ਬਾਰ੍ਹਵੀਂ  (b) ਬਾਰ੍ਹਵੀਂ-ਤੇਅਰਵੀਂ
(c) ਤੇਅਰਵੀਂ-ਚੌਧਵੀਂ  (d) ਚੌਂਧਵੀਂ-ਪੰਦਰਵੀਂ

**118.** ਕਿਸ ਸ਼ਾਇਰ ਨੇ ਹੀਰ ਦਾ ਕਿੱਸਾ ਨਹੀਂ ਲਿਖਿਆ ?

(a) ਅਹਿਮਦ ਗੁੱਜਰ  (b) ਮੁਕਬਲ
(c) ਵਾਰਿਸ ਸ਼ਾਹ  (d) ਪੀਲੂ

119. ਸੂਫ਼ੀ ਸ਼ਬਦ ਕਿਸ ਤੋਂ ਬਣਿਆ ਹੈ ?

(a) ਸੂਫ਼ (b) ਅਫ਼ਲਾਤੂਨ

(c) ਸੂਫ਼ੀਮਤ (d) ਉਪਰੋਕਤ ਕੋਈ ਨਹੀਂ

120. ਬੁੱਲ੍ਹੇ ਸ਼ਾਹ ਦਾ ਸੰਬੰਧ ਕਿਸ ਧਾਰਾ ਨਾਲ ਹੈ ?

(a) ਗੁਰਮਤਿ (b) ਸੂਫ਼ੀ (c) ਅਧਿਆਤਮਕ (d) ਭਗਤੀ

121. ਸੁਲਤਾਨ ਬਾਹੂ ਨੇ ਕਿਸ ਕਾਵਿ ਰੂਪ ਵਿਚ ਰਚਨਾ ਕੀਤੀ ?

(a) ਸੀਹਰਫ਼ੀਆਂ (b) ਦੋਹੜੇ (c) ਬੈਂਤ (d) ਕਾਫ਼ੀਆਂ

122. 'ਵਾਰ' ਲਿਖੀ ਜਾਂਦੀ ਹੈ:-

(a) ਪਉੜੀਆਂ ਵਿਚ (b) ਸ਼ਲੋਕਾਂ ਵਿਚ

(c) ਅਸ਼ਟਪਦੀਆਂ ਵਿਚ (d) ਉਪਰੋਕਤ ਸਾਰੇ ਠੀਕ ਹਨ

123. ਪੰਜਾਬੀ ਵਿਚ ਸਭ ਤੋਂ ਵੱਧ ਕਿੱਸੇ ਕਿਸ ਨੇ ਲਿਖੇ ?

(a) ਕਾਦਰਯਾਰ (b) ਅਹਿਮਦਯਾਰ

(c) ਇਮਾਮ ਬਖ਼ਸ਼ (d) ਫ਼ਜ਼ਲ ਸ਼ਾਹ

124. ਸ਼ਾਹ ਹੁਸੈਨ ਦਾ ਸੰਬੰਧ ਕਿਸ ਸੂਫ਼ੀ ਸੰਪਰਦਾ ਨਾਲ ਹੈ ?

(a) ਚਿਸ਼ਤੀ (b) ਮਲਾਮਤੀ

(c) ਨਕਸ਼ਬੰਦੀ (d) ਸੁਹਰਾਵਰਦੀ

125. 'ਹਮਦ' ਦਾ ਸੰਬੰਧ ਹੈ:-

(a) ਰਸੂਲ ਨਾਲ (b) ਹਜ਼ਰਤ ਅਲੀ ਨਾਲ

(c) ਇਮਾਮ ਹੁਸੈਨ ਨਾਲ (d) ਖ਼ੁਦਾ ਨਾਲ

126. ਦਮੋਦਰ ਦਾ ਸੰਬੰਧ ਕਿਸ ਕ਼ਾਵਿ ਧਾਰਾ ਨਾਲ ਹੈ ?

(a) ਬੀਰ ਕਾਵਿ ਧਾਰਾ ਨਾਲ (b) ਸੂਫ਼ੀ ਕਾਵਿ ਧਾਰਾ ਨਾਲ

(c) ਕਿੱਸਾ ਕਾਵਿ ਧਾਰਾ ਨਾਲ (d) ਗੁਰਮਤਿ ਕਾਵਿ ਧਾਰਾ ਨਾਲ

127. ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਵਾਰ ਦੀ ਰਚਨਾ ਕੀਤੀ ?

(a) ਆਸਾ ਦੀ ਵਾਰ (b) ਚੱਠਿਆਂ ਦੀ ਵਾਰ

(c) ਚੰਡੀ ਦੀ ਵਾਰ (d) ਨਾਦਰਸ਼ਾਹ ਦੀ ਵਾਰ

128. ਕਿਹੜੀ ਵਾਰ ਪਹਿਲਾਂ ਲਿਖੀ ਗਈ ?

(a) ਨਜਾਬਤ ਰਚਿਤ ਵਾਰ ਨਾਦਰ ਸ਼ਾਹ (b) ਪੀਰ ਮੁਹੰਮਦ ਦੀ ਚੱਠਿਆਂ ਦੀ ਵਾਰ

(c) ਵਾਰ ਸ੍ਰੀ ਭਗਉਤੀ ਜੀ ਦੀ ਪਾਤਸ਼ਾਹੀ 10 (d) ਅਗਰਾ ਰਚਿਤ ਵਾਰ ਹਕੀਕਤ ਰਾਏ

129. ਹੇਠ ਲਿਖਿਆਂ ਵਿਚੋਂ ਕਿਹੜਾ 'ਸੱਸੀ ਪੁਨੂੰ' ਦਾ ਕਿੱਸਾਕਾਰ ਨਹੀਂ ਹੈ ?

(a) ਹਾਫ਼ਿਜ਼ ਬਰਖ਼ੁਰਦਾਰ (b) ਹਾਸ਼ਮ

(c) ਅਹਿਮਦਯਾਰ (d) ਪੀਲੂ

130. 'ਹਸਨੇ ਮਹਿਮੇ ਦੀ ਵਾਰ' ਕਿਸ ਕਾਲ ਦੀ ਹੈ:-
(a) ਗੁਰੂ ਨਾਨਕ ਕਾਲ
(b) ਉੱਤਰ ਗੁਰੂ ਨਾਨਕ ਕਾਲ
(c) ਪੂਰਵ ਨਾਨਕ ਕਾਲ
(d) ਇਨ੍ਹਾਂ ਵਿਚੋਂ ਕੋਈ ਨਹੀਂ

131. ਕਿਸ ਸੂਫ਼ੀ ਸ਼ਾਇਰ ਦਾ ਜੀਵਨ ਕਾਲ 1539 ਈ. ਤੋਂ 1593 ਈ. ਹੈ ?
(a) ਬੁੱਲ੍ਹੇ ਸ਼ਾਹ
(b) ਸੁਲਤਾਨ ਬਾਹੂ
(c) ਸ਼ਾਹ ਹੁਸੈਨ
(d) ਸ਼ਾਹ ਸ਼ਰਫ ਬਟਾਲਵੀ

132. 'ਲੈਲਾ ਮਜਨੂੰ ਆਸਕੀ ਚਹੁੰ ਚੱਕੀ ਜਾਤੀ। ਸੋਰਠਿ ਬੀਜਾ ਗਾਵੀਐ ਜਸ ਸੁਘੜਾ ਵਾਤੀ।' ਕਿਸ ਮਹਾਂਕਵੀ ਦੀਆਂ ਕਾਵਿ-ਟੂਕਾਂ ਹਨ:-
(a) ਵਾਰਿਸ ਸ਼ਾਹ
(b) ਭਾਈ ਗੁਰਦਾਸ
(c) ਦਮੋਦਰ
(d) ਭਾਈ ਵੀਰ ਸਿੰਘ

133. ਵਾਰਿਸ ਸ਼ਾਹ ਨੇ ਆਪਣੇ ਕਿੱਸੇ ਹੀਰ ਰਾਂਝਾ ਦੇ ਮੁੱਢਲੇ ਭਾਗ ਵਿਚ ਆਪਣਾ ਪ੍ਰੇਰਨਾ-ਸ੍ਰੋਤ ਦੱਸਿਆ ਹੈ:-
(a) ਰੱਬੀ ਬਖਸ਼ਿਸ਼
(b) ਯਾਰਾਂ ਦੀ ਫ਼ਰਮਾਇਸ਼
(c) ਮੁੱਖ ਪਾਤਰਾਂ ਦਾ ਸੁਪਨੇ ਵਿਚ ਆ ਕੇ ਪ੍ਰੇਰਿਤ
(d) ਇਨ੍ਹਾਂ ਵਿਚੋਂ ਕੋਈ ਵੀ ਨਹੀਂ

134. ਜੰਗਨਾਮੇ ਵਿਚ ਇਕੱਠੇ ਚੱਲਦੇ ਹਨ:-
(a) ਸਾਹਿਤ ਅਤੇ ਰਸ
(b) ਸਾਹਿਤ ਅਤੇ ਯਥਾਰਥ
(c) ਸਾਹਿਤ ਅਤੇ ਪ੍ਰਕਿਰਤੀ
(d) ਸਾਹਿਤ ਅਤੇ ਇਤਿਹਾਸ

135. ਗੁਰੂ ਨਾਨਕ ਦੇਵ ਜੀ ਨੇ ਬਾਣੀ ਰਚੀ:-
(a) ਤੀਹ ਰਾਗਾਂ ਵਿਚ
(b) ਸਤਾਰਾਂ ਰਾਗਾਂ ਵਿਚ
(c) ਉਨੀ ਰਾਗਾਂ ਵਿਚ
(d) ਇਕੱਤੀ ਰਾਗਾਂ ਵਿਚ

136. ਗੁਰਮਤਿ ਕਾਵਿ ਸਿਧਾਂਤ ਤੇ ਵਿਹਾਰ ਪੁਸਤਕ ਦਾ ਕਰਤਾ ਹੈ:-
(a) ਜਗਬੀਰ ਸਿੰਘ
(b) ਡਾ. ਤਾਰਨ ਸਿੰਘ
(c) ਡਾ. ਹਰਿਭਜਨ ਸਿੰਘ
(d) ਪ੍ਰਿੰਸੀਪਲ ਜੋਧ ਸਿੰਘ

137. ਗੁਰੂ ਰਾਮਦਾਸ ਜੀ ਨੇ 'ਘੋੜੀਆਂ' ਦੀ ਰਚਨਾ ਕੀਤੀ:-
(a) ਆਸਾ ਰਾਗ ਵਿਚ
(b) ਤੁਖਾਰੀ ਰਾਗ ਵਿਚ
(c) ਧਨਾਸਰੀ ਰਾਗ ਵਿਚ
(d) ਵਡਹੰਸ ਰਾਗ ਵਿਚ

138. 'ਜਪੁਜੀ' ਕਿਸ ਗੁਰੂ ਸਾਹਿਬ ਦੀ ਰਚਨਾ ਹੈ ?
(a) ਗੁਰੂ ਰਾਮਦਾਸ ਜੀ ਦੀ
(b) ਗੁਰੂ ਅਮਰਦਾਸ ਜੀ ਦੀ
(c) ਗੁਰੂ ਅਰਜਨ ਦੇਵ ਜੀ ਦੀ
(d) ਗੁਰੂ ਨਾਨਕ ਦੇਵ ਜੀ ਦੀ

139. ਗੁਰੂ ਨਾਨਕ ਦੇਵ ਜੀ ਨੇ ਕਿਸ ਰਾਗ ਵਿਚ ਬਾਰਹਮਾਹ ਦੀ ਰਚਨਾ ਕੀਤੀ ?
(a) ਰਾਗ ਮਾਝ
(b) ਰਾਗ ਮਲਾਰ
(c) ਰਾਗ ਬਸੰਤ
(d) ਰਾਗ ਤੁਖਾਰੀ

140. ਗੁਰੂ ਤੇਗ ਬਹਾਦਰ ਜੀ ਨੇ ਰਚਨਾ ਕੀਤੀ:-
(a) ਦੋਹੜਿਆਂ ਵਿਚ
(b) ਸ਼ਬਦਾਂ ਤੇ ਸ਼ਲੋਕਾਂ ਵਿਚ
(c) ਕਾਫ਼ੀਆਂ ਵਿਚ
(d) ਸੀਹਰਫ਼ੀਆਂ ਵਿਚ

141. ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਸ਼ਾਮਿਲ ਹੈ ?
(a) 10 (b) 7 (c) 5 (d) 6

142. 'ਸਿੱਖਾਂ ਦੀ ਭਗਤ ਮਾਲਾ' ਦਾ ਕਰਤਾ ਹੈ :-
(a) ਭਾਈ ਗੁਰਦਾਸ ਜੀ
(b) ਭਾਈ ਵੀਰ ਸਿੰਘ
(c) ਗਿਆਨੀ ਗਿਆਨ ਸਿੰਘ
(d) ਭਾਈ ਮਨੀ ਸਿੰਘ

143. ਭਗਤੀ ਸਾਹਿਤ ਦਾ ਆਧਾਰ ਹੈ:-
(a) ਰੋਮਾਂਸਵਾਦ
(b) ਅਸਤਿਤ੍ਵਵਾਦ
(c) ਰਹੱਸਵਾਦ
(d) ਯਥਾਰਥਵਾਦ

144. 'ਜਬ ਹਮ ਹੋਤੇ ਤਬ ਤੂ ਨਾਹੀ, ਅਬ ਤੂ ਹੀ ਮੈ ਨਾਹੀ।' ਕਿਸ ਭਗਤ-ਕਵੀ ਦੀ ਕਾਵਿ-ਟੁਕ ਹੈ ?
(a) ਭਗਤ ਨਾਮਦੇਵ
(b) ਭਗਤ ਕਬੀਰ
(c) ਭਗਤ ਰਵੀਦਾਸ
(d) ਭਗਤ ਧੰਨਾ

145. ਬਾਬਾ ਸ਼ੇਖ਼ ਫ਼ਰੀਦ ਜੀ ਦੇ ਕਿੰਨੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ?
(a) 112 (b) 4 (c) 8 (d) 114

146. 'ਸੁਖਮਨੀ ਸਾਹਿਬ' ਕਿਸ ਗੁਰੂ ਸਾਹਿਬ ਦੀ ਰਚਨਾ ਹੈ ?
(a) ਗੁਰੂ ਅਰਜਨ ਦੇਵ ਜੀ ਦੀ
(b) ਗੁਰੂ ਰਾਮਦਾਸ ਜੀ ਦੀ
(c) ਗੁਰੂ ਅਮਰਦਾਸ ਜੀ ਦੀ
(d) ਗੁਰੂ ਨਾਨਕ ਦੇਵ ਜੀ ਦੀ

147. ਪੁਰਾਤਨ ਜਨਮ ਸਾਖੀ ਦਾ ਸੰਪਾਦਕ ਕੌਣ ਹੈ ?
(a) ਰਤਨ ਸਿੰਘ ਜੱਗੀ
(b) ਭਾਈ ਵੀਰ ਸਿੰਘ
(c) ਤਾਰਨ ਸਿੰਘ
(d) ਸ੍ਰ. ਪਿਆਰ ਸਿੰਘ

148. 'ਆਰਸੀ' ਕੀ ਹੈ ?
(a) ਜੀਵਨੀ
(b) ਸਵੈ-ਜੀਵਨੀ
(c) ਸਫ਼ਰਨਾਮਾ
(d) ਡਾਇਰੀ

149. ਕਿਸ ਵਾਰਤਕਕਾਰ ਨੂੰ ਸ਼ਬਦਾਂ ਦਾ ਜਾਦੂਗਰ ਕਿਹਾ ਜਾਂਦਾ ਹੈ ?
(a) ਗੁਰਬਖਸ਼ ਸਿੰਘ ਪ੍ਰੀਤਲੜੀ
(b) ਡਾ. ਨਰਿੰਦਰ ਸਿੰਘ ਕਪੂਰ
(c) ਡਾ. ਕਰਨੈਲ ਸਿੰਘ ਸੋਮਲ
(d) ਡਾ. ਗੁਰਬਖਸ਼ ਭੰਡਾਲ

150. ਰੇਖਾ ਚਿੱਤਰ ਜ਼ਿੰਦਗੀ ਦੀਆਂ ਘਟਨਾਵਾਂ ਦਾ ਹੁੰਦਾ ਹੈ:-
(a) ਅਧਿਐਨ
(b) ਕਲਾਤਮਕ ਬਿਆਨ
(c) ਕ੍ਰਮਵਾਰ ਬ਼ਿਆਨ
(d) ਸਿੱਧਾ ਬਿਆਨ

## SPACE FOR ROUGH WORK